# ਭ੍ਰਿਸ਼ਟਤਾ ਦਾ ਸੱਭਿਆਚਾਰ ਅਤੇ ਸਰਕਾਰ ਦੀ ਨੁਕਤਾਚੀਨੀ

29.3.97

ਗੁਰਸ਼ਰਨ ਸਿੰਘ

ਪਿਛਲੇ 50 ਸਾਲਾਂ ਤੋਂ ਇਸ ਦੇਸ਼ ਵਿਚ ਜਿਹੜਾ ਪ੍ਰਬੰਧ ਚਲ ਰਿਹਾ ਹੈ, ਉਹਨੇ ਰਿਸ਼ਵਤਖੋਰੀ ਤੇ ਬੇਈਮਾਨੀ ਨੂੰ ਸਮਾਜ ਦੀਆਂ ਜੜ੍ਹਾਂ ਤੱਕ ਪੁਚਾ ਦਿੱਤਾ ਹੈ। ਇਮਤਿਹਾਨ ਵਿਚ ਨਕਲ, ਪੀਲੇ ਕਾਰਡ ਬਣਾਉਣ ਵਿਚ ਚਲਦੀ ਰਿਸ਼ਵਤ, ਮੈਡੀਕਲ ਕੈਂਪ ਲਾਉਣ ਲਈ ਬੋਗਸ ਵਾਲੰਟੀਅਰ ਸੰਸਥਾਵਾਂ ਦੀ ਹੋਂਦ, ਉੱਚ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਦਾ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਕੇ ਜਾਇਦਾਦਾਂ ਬਣਾਉਣੀਆਂ, ਸਰਕਾਰੀ ਗਰਾਂਟਾਂ ਖਾਣ ਵਾਲੇ ਜਾਂ ਦਿਲਵਾਉਣ ਵਾਲੇ ਵਿਚੋਲਿਆਂ ਦੀਆਂ ਕਾਰਗੁਜ਼ਾਰੀਆਂ ਆਦਿ ਇਸ ਸਭ ਇਸ ਨਿਜ਼ਾਮ ਦੀ ਪਹਿਚਾਣ ਬਣ ਚੁੱਕੇ ਹਨ। ਕੋਈ ਵੀ ਨਵੀਂ ਸਰਕਾਰ ਜਦੋਂ ਹੋਂਦ ਵਿਚ ਆਈ ਹੈ ਤਾਂ ਉਹ ਦਾਅਵੇ ਕਰਦੀ ਹੈ ਕਿ ਉਹ ਭ੍ਰਿਸ਼ਟਾਚਾਰ ਖਤਮ ਕਰੇਗੀ ਪਰ ਕੁੱਝ ਚਿਰ ਤੋਂ ਬਾਅਦ ਉਹ ਹਾਰ ਜਾਂਦੀ ਹੈ। ਬਾਦਲ-ਟੌਹੜਾ ਨੇ ਦਾਅਵੇ ਕੀਤੇ ਹਨ, ਪਰ ਬੱਚਿਆਂ ਦੇ ਇਮਤਿਹਾਨਾਂ ਬਾਰੇ ਜੋ ਖਬਰਾਂ ਆ ਰਹੀਆਂ ਹਨ, ਉਹ ਦੱਸਦੀਆਂ ਹਨ ਕਿ ਨਿੱਕੇ-ਨਿੱਕੇ ਬੱਚੇ ਤੇ ਬੱਚੀਆਂ ਵੀ ਨਕਲ ਦੀ ਕਲਾ ਬਾਰੇ ਬੜੀ ਡੂੰਘੀ ਜਾਣਕਾਰੀ ਰੱਖਦੇ ਹਨ। ਅਧਿਆਪਕਾਂ ਦੀ ਮਿਲੀ ਭੁਗਤ, ਫਲਾਇੰਗ ਸੁਕੈਡ ਦੀ ਚਾਹ-ਪਾਣੀ ਦੀ ਸੇਵਾ ਲਈ ਬੱਚਿਆਂ ਕੋਲੋਂ ਉਗਰਾਹੀ, ਪਰਚੀਆਂ, ਗਾਈਡਾਂ ਸਭ ਕੁੱਝ ਚਲਦਾ ਹੈ। ਨਵੀਂ ਗੱਲ ਹੋਰ ਆ ਗਈ ਹੈ ਕਿ ਪੇਸ਼ਾਵਰ ਇਮਤਿਹਾਰ ਦੇਣ ਵਾਲੇ ਵੀ ਹੋਂਦ ਵਿਚ ਆ ਗਏ ਹਨ, ਜੋ ਨਕਲੀ ਪਹਿਚਾਣ ਨਾਲ ਦੂਸਰਿਆਂ ਦੀ ਥਾਂ ਇਮਤਿਹਾਨ ਦੇਂਦੇ ਹਨ। ਇਨ੍ਹਾਂ ਸਭ ਸਮਾਜਕ ਕੁਰੀਤੀਆਂ ਬਾਰੇ ਹਾਲੇ ਵੀ ਪੰਜਾਬ ਦੀ ਨਵੀਂ ਸਰਕਾਰ ਜ਼ਿੰਮੇਵਾਰ ਨਹੀਂ ਠਹਿਰਾਈ ਜਾ ਸਕਦੀ ਪਰ ਇਕ ਗੱਲ ਬਾਰੇ ਸਰਕਾਰ ਉੱਤੇ ਉਂਗਲੀ ਰੱਖੀ ਜਾਣੀ ਜ਼ਰੂਰੀ ਹੈ। ਉਹ ਬਾਦਲ ਸਾਹਿਬ ਵੱਲੋਂ ਨਿਯੁਕਤ ਦੋ ਵੱਡੇ ਅਫਸਰਾਂ ਉੱਤੇ ਸੀ. ਬੀ. ਆਈ. ਵੱਲੋਂ ਕਾਰਵਾਈ, ਜੋ ਬੀਬੀ ਭੱਠਲ ਦੇ ਸਾਬਕਾ ਮੁੱਖ ਸਕੱਤਰ ਖੰਨਾ ਵੱਲੋਂ ਦਾਇਰ ਕੀਤੀ, ਰਿਪੋਰਟ ਦੇ ਅਨੁਸਾਰ ਹੋ ਰਹੀ ਹੈ।

ਕੋਈ ਵੀ ਨਵੀਂ ਸਰਕਾਰ ਜਦੋਂ ਹੋਂਦ ਵਿਚ ਆਈ ਹੈ ਤਾਂ ਉਹ ਦਾਅਵੇ ਕਰਦੀ ਹੈ ਕਿ ਉਹ ਭ੍ਰਿਸ਼ਟਾਚਾਰ ਖਤਮ ਕਰੇਗੀ ਪਰ ਕੁੱਝ ਚਿਰ ਤੋਂ ਬਾਅਦ ਉਹ ਹਾਰ ਜਾਂਦੀ ਹੈ। ਬਾਦਲ-ਟੌਹੜਾ ਨੇ ਦਾਅਵੇ ਕੀਤੇ ਹਨ, ਪਰ ਬੱਚਿਆਂ ਦੇ ਇਮਤਿਹਾਨਾਂ ਬਾਰੇ ਜੋ ਖਬਰਾਂ ਆ ਰਹੀਆਂ ਹਨ, ਉਹ ਦੱਸਦੀਆਂ ਹਨ ਕਿ ਨਿੱਕੇ-ਨਿੱਕੇ ਬੱਚੇ ਤੇ ਬੱਚੀਆਂ ਵੀ ਨਕਲ ਦੀ ਕਲਾ ਬਾਰੇ ਬੜੀ ਡੂੰਘੀ ਜਾਣਕਾਰੀ ਰੱਖਦੇ ਹਨ। ਅਧਿਆਪਕਾਂ ਦੀ ਮਿਲੀ ਭੁਗਤ, ਫਲਾਇੰਗ ਸੁਕੈਡ ਦੀ ਚਾਹ-ਪਾਣੀ ਦੀ ਸੇਵਾ ਲਈ ਬੱਚਿਆਂ ਕੋਲੋਂ ਉਗਰਾਹੀ, ਪਰਚੀਆਂ, ਗਾਈਡਾਂ ਸਭ ਕੁੱਝ ਚਲਦਾ ਹੈ। ਨਵੀਂ ਗੱਲ ਹੋਰ ਆ ਗਈ ਹੈ ਕਿ ਪੇਸ਼ਾਵਰ ਇਮਤਿਹਾਰ ਦੇਣ ਵਾਲੇ ਵੀ ਹੋਂਦ ਵਿਚ ਆ ਗਏ ਹਨ, ਜੋ ਨਕਲੀ ਪਹਿਚਾਣ ਨਾਲ ਦੂਸਰਿਆਂ ਦੀ ਥਾਂ ਇਮਤਿਹਾਨ ਦੇਂਦੇ ਹਨ।

ਬਾਦਲ ਸਾਹਿਬ ਨੇ ਬੜੀ ਸ਼ਿੱਦਤ ਨਾਲ ਆਪਣੇ ਆਪ ਨੂੰ ਇਸ ਕੇਸ ਦਾ ਭਾਈਵਾਲ ਬਣਾ ਲਿਆ ਹੈ। ਆਉਣ ਵਾਲੇ ਸਮੇਂ ਵਿਚ ਇਹ ਕੇਸ ਉਨ੍ਹਾਂ ਦੇ ਸਾਰੇ ਦਾਅਵਿਆਂ ਬਾਰੇ ਕਿੰਤੂ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਲਈ ਇਕ ਰਸਤਾ ਹੈ ਕਿ ਜਾਂ ਤਾਂ ਉਹ ਡਟਕੇ ਬਿਆਨ ਦੇਣ ਕਿ ਮੈਂ ਨਿੱਜੀ ਪੱਧਰ 'ਤੇ ਤਫਤੀਸ਼ ਕਰ ਲਈ ਹੈ ਤੇ ਇਹ ਅਫਸਰ ਈਮਾਨਦਾਰ ਹਨ ਅਤੇ ਉਨ੍ਹਾਂ ਦੇ ਖਿਲਾਫ ਇਲਜ਼ਾਮ ਲਗਾਉਣ ਵਾਲਿਆਂ ਨੇ ਖਾਰਬਾਜ਼ੀ ਤੋਂ ਕੰਮ ਲਿਆ ਹੈ। ਉਹ ਆਪਣੇ ਦਾਅਵੇ ਤਾਂ ਪੱਕੀ ਤਰ੍ਹਾਂ ਕਾਇਮ ਰਹਿਣ। ਇਸ ਦੇ ਉਲਟ ਉਨ੍ਹਾਂ ਨੇ ਜਿਹੜੀ ਸੀ. ਬੀ. ਆਈ. ਦੀ ਤਫਤੀਸ਼ ਵਿਚ ਰੁਕਾਵਟ ਪਾਈ ਹੈ। ਉਹ ਗਲਤ ਰਾਹ ਹੈ। ਸੱਚ ਨਿੱਖਰ ਕੇ ਸਾਹਮਣੇ ਆਉਣਾ ਚਾਹੀਦਾ ਹੈ। ਇਸ ਖਬਰ ਵਿਚ ਵਜ਼ਨ ਹੈ ਕਿ ਬਿਕਰਮਜੀਤ ਸਿੰਘ ਨੇ ਆਪਣੇ ਵਸੀਲਿਆ ਤੋਂ ਬਾਹਰੀ ਜਾਇਦਾਦ ਬਣਾਈ ਹੈ ਤੇ ਇਸਦੀ ਤਫਤੀਸ਼ ਜ਼ਰੂਰੀ ਹੈ। ਲੋਕ ਇਸ ਕੇਸ ਬਾਰੇ ਬੇਸਬਰੀ ਨਾਲ ਉਡੀਕ ਕਰਨਗੇ ਕਿਉਂਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੂੰ ਕਿਹੋ ਜਿਹਾ ਪ੍ਰਬੰਧ ਮਿਲਦਾ ਹੈ, ਉਹ ਇਸ ਕੇਸ ਦਾ ਨਿਪਟਾਰਾ ਤੇ ਮੁਨੱਸਰ ਹੈ।

**ਕਥਿਤ ਪੁਲਸ ਮੁਕਾਬਲੇ ਬਾਰੇ ਮੰਤਰੀ ਦੀ ਸਹੀ ਦਖਲ ਅੰਦਾਜ਼ੀ**

ਪੰਜਾਬ ਦੇ ਲੋਕਾਂ ਨੇ 12 ਸਾਲ ਅਤਿਵਾਦੀਆਂ ਦੇ ਜ਼ੁਲਮ ਦਾ ਵੀ ਅਤੇ ਪੁਲਸ ਜ਼ਿਆਦਤੀਆਂ ਦਾ ਵੀ ਬੜਾ ਸੰਤਾਪ ਭੋਗਿਆ ਹੈ। ਕਸ਼ਮੀਰ ਸਿੰਘ ਕਥਿਤ ਅਤਿਵਾਦੀ ਦਾ ਹੁਸ਼ਿਆਰਪੁਰ ਦੇ ਨੇੜੇ ਤਰਨ ਤਾਰਨ ਦੀ ਪੁਲਸ ਵੱਲੋਂ ਮੁਕਾਬਲੇ ਵਿਚ ਮਾਰਿਆ ਜਾਣਾ ਇਕ ਫਿਕਰ ਵਾਲੀ ਖ਼ਬਰ ਹੈ। ਪੁਲਸ ਦਾ ਬਿਆਨ ਹੈ ਕਿ ਉਹ ਮੁਕਾਬਲੇ ਵਿਚ ਮਾਰਿਆ ਗਿਆ ਹੈ। ਪਰ ਲੋਕਾਂ ਦਾ ਵਿਚਾਰ ਹੈ ਕਿ ਉਸਦੇ ਪਿਤਾ ਵੱਲੋਂ ਦਿੱਤੇ ਬਿਆਨ ਵਿਚ ਬਹੁਤੀ ਸਚਾਈ ਹੈ ਕਿ ਉਹਨੂੰ ਪਕੜਕੇ ਮਾਰਿਆ ਗਿਆ ਹੈ। ਇਸ ਮਾਮਲੇ ਵਿਚ ਪੰਜਾਬ ਦੇ ਮੰਤਰੀ ਬਾਬੂ ਸਰੂਪ ਸਿੰਘ ਨੇ ਦਖਲ ਅੰਦਾਜ਼ੀ ਕਰਕੇ ਤਰਨ ਤਾਰਨ ਦੇ ਐਸ. ਐਚ.ਓ. ਗੁਲਜ਼ਾਰ ਚੰਦ ਦੇ ਖਿਲਾਫ ਜਿਹੜੀ ਐਫ. ਆਈ ਆਰ ਦਰਜ ਕਰਵਾਉਣ ਵਿਚ ਭੂਮਿਕਾ ਨਿਭਾਈ ਹੈ, ਉਹਦੀ ਸ਼ਲਾਘਾ ਕਰਨੀ ਬਣਦੀ ਹੈ। ਲੋਕਾਂ ਨੇ ਵੀ ਸਰਗਰਮੀ ਵਿਖਾਈ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਉਹ ਸੰਤਾਪ ਇਸ ਧਰਤੀ 'ਤੇ ਫੇਰ ਨਾ ਵਾਪਰੇ ਤਾਂ ਚੁੱਪ ਦਰਸ਼ਕ ਬਣਕੇ ਸਭ ਕੁੱਝ ਵੇਖਣਾ ਠੀਕ ਨਹੀਂ। ਹਰ ਘਟਨਾ ਬਾਰੇ ਸਚਾਈ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ।